ੴ ਸਤਿਗੁਰ ਪ੍ਰਸਾਦਿ

ਟ੍ਰੈਕਟ ਨੰ: ੯੮

MATA G[illegible] LIBRARY
G.T.B. GURDWARA
106 EAST PARK ROAD
LEICESTER
TEL [illegible] 6) 276 0517

# ਬਾਰੰਬਾਰ ਬਾਰ ਪ੍ਰਭੁ ਜਪੀਐ

ਪ੍ਰਕਾਸ਼ਕ

**ਗੁਰਮਤਿ ਪ੍ਰਚਾਰ ਸਭਾ**

ਪਟਿਆਲਾ

| | | |
|---|---|---|
| ਮਾਰਚ ੧੯੯੫ | ਸੰਮਤ ਖਾਲਸਾ ੨੯੬ | ਪਹਿਲੀ ਵਾਰ ੧੫,੦੦੦ |

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ।

# ਬਾਰੰਬਾਰ ਬਾਰ ਪ੍ਰਭੁ ਜਪੀਐ ॥

ਬਾਰ ਬਾਰ ਵਾਹਿਗੁਰੂ ਜਪਣ ਨਾਲ ਜਾਂ ਕਹਿਣ ਨਾਲ ਕੀ ਹੋਵੇਗਾ ? ਇਸ ਦਾ ਉਤਰ ਦੇਂਦੇ ਹੋਏ ਸ: ਜਗਿੰਦਰ ਸਿੰਘ ਜੀ ਲਿਖਦੇ ਹਨ ਕਿ ਵਾਹਿਗੁਰੂ- ਵਾਹਿਗੁਰੂ ਕਹਿਣ ਨਾਲ ਬਹੁਤ ਕੁਝ ਹੋਏਗਾ । ਤੁਸੀਂ ਦੁਖ-ਸੁਖ ਤੋਂ ਮੁਕਤ ਹੋ ਜਾਓਗੇ । ਤੁਸੀਂ ਅਨੰਦ ਦੇ ਮਾਲਕ ਹੋ ਜਾਓਗੇ । ਤੁਸੀਂ ਪ੍ਰਮਾਤਮਾ ਵਿਚ ਲੀਨ ਹੋ ਜਾਓਗੇ । ਤੁਹਾਡੀ ਭਾਜੜ ਮੁਕ ਜਾਏਗੀ ।

ਵਾਹਿਗੁਰੂ ਮੰਤਰ ਦੇ ਬਾਰ ਬਾਰ ਦੋਹਰਾਏ ਜਾਣ ਦੇ ਪਿਛੇ ਇਕ ਵਡਾ ਸਾਇੰਸ ਦਾ ਅਸੂਲ ਕੰਮ ਕਰਦਾ ਹੈ । ਸਾਡੇ ਸੰਤਾਂ, ਗੁਰੂਆਂ ਨੂੰ ਪਹਿਲਾਂ ਹੀ ਇਸ ਦਾ ਪਤਾ ਸੀ, ਸਾਇੰਸਦਾਨਾਂ ਨੂੰ ਹੁਣੇ ਹੀ ਪਤਾ ਲਗਾ ਹੈ ।

ਮਨੋਵਿਗਿਆਨਕਾਂ ਨੇ ਇਕ ਪ੍ਰਯੋਗ ਕੀਤਾ । ਇਕ ਚੂਹੇ ਨੂੰ ਬਹੁਤ ਛੋਟੇ ਜਿਹੇ ਪਿੰਜਰੇ ਵਿਚ ਬੰਦ ਕਰ ਦਿਤਾ । ਇਸ ਦੇ ਸੌਣ ਦੇ ਸਮੇਂ ਹਰ 30 ਸੈਕਿੰਡ ਮਗਰੋਂ ਉਸ ਦੇ ਕੰਨ ਦੇ ਕੋਲ ਬਿਜਲੀ ਦੀ ਘੰਟੀ ਬੁਲਾਂਦੇ ਰਹੇ । ਯਾਨੀ ਹਰ ਅੱਧੇ ਮਿੰਟ ਬਾਦ ਕੰਨ ਦੇ ਕੋਲ ਜ਼ੋਰ ਦੀ ਸੀਟੀ ਵਜਦੀ ਰਹੀ । ਇਹ ਚੂਹਾ ਅੱਠਾਂ ਘੰਟਿਆਂ ਵਿਚ ਇਕ ਵਾਰ ਵੀ ਨਹੀਂ ਸੋ ਸਕਿਆ । ਇਸ ਬਾਰ ਬਾਰ ਦੀ ਸੀਟੀ ਨੇ ਉਸ ਨੂੰ ਜਗਾਈ ਰਖਿਆ ।

ਕੁਝ ਦਿਨਾ ਬਾਦ ਉਸ ਚੂਹੇ ਨੂੰ ਫਿਰ ਪਿੰਜਰੇ ਵਿਚ ਬੰਦ ਕੀਤਾ ਗਿਆ । ਪਰ ਐਤਕੀ ਠਹਿਰ ਠਹਿਰ ਕੇ ਸੀਟੀ ਵਜਾਣ ਦੀ ਥਾਂ ਲਗਾਤਾਰ ਇਕ ਘੰਟਾ ਤਕ ਸੀਟੀ ਵਜਾਂਦੇ ਰਹੇ । ਇਸ ਸੀਟੀ ਦੀ ਆਵਾਜ਼ ਨੇ ਚੂਹੇ ਤੇ ਕੋਈ ਅਸਰ ਨਹੀਂ ਪਾਇਆ ਤੇ ਉਹ ਪੂਰੇ 8 ਘੰਟੇ ਸੁਤਾ ਰਿਹਾ ।

ਇਸ ਪ੍ਰਯੋਗ ਨੇ ਸਿਧ ਕਰ ਦਿਤਾ ਕਿ ਕਿਸੀ ਆਵਾਜ਼ (ਸੂਖਮ ਜਾਂ ਸਥੂਲ) ਦਾ ਰੁਕ ਰੁਕ ਕੇ ਬਾਰ ਬਾਰ ਕਰਨਾ ਸਾਡੇ ਮਨ ਤੇ ਚੋਟ ਕਰਦਾ ਹੈ ਤੇ ਸਾਨੂੰ ਨੀਂਦਰ ਵਿਚ ਨਹੀਂ ਜਾਣ ਦੇਂਦਾ।

ਇਦਾਂ ਹੀ ਪਾਠ ਦਾ ਬਾਰ ਬਾਰ ਕਰੀ ਜਾਣਾ ਸਾਡੇ ਮਨ ਤੇ ਸਟ ਕਰਦਾ ਹੈ ਤੇ ਇਸ ਨੂੰ ਸੋਣ ਨਹੀਂ ਦੇਂਦਾ । ਇਹ ਮਨ ਨੂੰ ਸੁਚੇਤ ਰਖਦਾ ਹੈ ਤੇ ਸਿਮਰਨ ਵਿਚ ਜੋੜੀ ਰਖਦਾ ਹੈ ਤੇ ਮਨ ਵਿਚ ਗਹਿਰੇ ਉਤਰਣ ਵਿਚ ਮਦਦ ਕਰਦਾ ਹੈ ਪਰ ਇਸ ਦੀ ਵਿਧੀ ਦਾ ਲਾਭ ਲੈਣ ਲਈ ਜਰੂਰੀ ਹੈ ਕਿ ਇਕ ਵਾਰ ਵਾਹਿਗੁਰੂ ਕਹਿਣ ਤੇ ਦੂਸਰੀ ਵਾਰ ਵਾਹਿਗੁਰੂ ਕਹਿਣ ਵਿਚਕਾਰ ਥੋਹੜਾ ਜਿਹਾ ਵਕਫਾ ਹੋਏ । ਯਾਨੀ ਰੁਕ ਰੁਕ ਕੇ ਸਿਮਰਨ ਕਰ।

ਵਾਹਿਗੁਰੂ ਕਹੋ, ਉਸ ਦਾ ਭਾਵ ਸਾਡੇ ਮਨ ਵਿਚ ਬੈਠ ਜਾਣ ਦਿਓ । ਫਿਰ ਦੂਸਰੀ ਵਾਰੀ ਵਾਹਿਗੁਰੂ ਕਹੋ। ------ ਸਿਮਰਨ ਨੂੰ ਰੁਕ ਰੁਕ ਕੇ, ਮੁੜ ਮੁੜ ਕੇ ਕਰਨ ਨਾਲ ਮਨ ਤੇ ਚੋਟ ਪੈਂਦੀ ਹੈ ਤੇ ਮਨ ਸਿਮਰਨ ਵਿਚ ਸੌਂ ਨਹੀਂ ਸਕਦਾ।

ਦੂਸਰੇ, ਸਾਡੇ ਮਨ ਦੀ ਦਸ਼ਾ ਹਮੇਸ਼ਾਂ ਇਕ ਸਾਹ ਨਹੀਂ ਰਹਿੰਦੀ । ਕਦੀ ਸਾਡਾ ਮੂਡ ਅਛਾ ਹੁੰਦਾ ਹੈ ਕਦੀ ਬੁਰਾ । ਕਦੀ ਅਸੀਂ ਖੁਸ਼ੀ ਵਿਚ ਫੂਲੇ ਹੁੰਦੇ ਹਾਂ ਤੇ ਕਦੀ ਗਮ ਵਿਚ ਸੁਕੜੇ । ਕਦੀ ਅਸੀਂ ਗਲ ਸੁਣਨ ਤੇ ਸਮਝਣ ਦੇ ਮੂਡ ਵਿਚ ਹੁੰਦੇ ਹਾਂ ਤੇ ਕਦੇ ਨਹੀਂ । ਰੋਜ਼ ਰੋਜ਼ ਸਿਮਰਨ ਕਰਨ ਵੇਲੇਕਦੀ ਕੋਈ ਐਸਾ ਸਮਾਂ ਵੀ ਆਉਂਦਾ ਹੈ ਜਦੋਂ ਅਸੀਂ ਆਪਣੀ ਅੰਤਰ ਆਤਮਾ ਦੀ ਆਵਾਜ਼ ਸੁਣਨ ਲਈ ਤਿਆਰ ਹੁੰਦੇ ਹਾਂ । ਉਸ ਸਮੇਂ ਜੇ ਅਸੀਂ ਜਾਗਦੇ ਹੋਈਏ ਤਾਂ ਵਾਹਿਗੁਰੂ ਦਾ ਮੰਤਰ ਸਾਡੇ ਅੰਦਰ ਉਤਰ ਜਾਂਦਾ ਹੈ ਤੇ ਸਾਡੀ ਅੰਦਰ ਦੀ ਅਨੰਦ-ਮਈ ਅਵਸਥਾ ਦਾ ਦਰਸ਼ਨ ਕਰਾਂਦਾ ਹੈ ।

ਕਿਉਂਕਿ ਸਾਨੂੰ ਇਸ ਅੰਮ੍ਰਿਤ-ਮਈ ਛਿਣ ਦਾ ਪਤਾ ਨਹੀਂ ਹੁੰਦਾ ਇਸ ਲਈ ਸਾਨੂੰ ਜਾਗ ਕੇ ਸੁਚੇਤ ਮਨ ਨਾਲ ਸਿਮਰਨ ਕਰਨਾ ਪੈਂਦਾ ਹੈ ਤੇ ਉਸ ਸਮੇਂ ਦੀ ਉਡੀਕ ਕਰਨੀ ਪੈਂਦੀ ਹੇ ਜਦੋਂ ਸਾਡਾ ਮੂਡ ਗ੍ਰਹਿਣ ਸ਼ੀਲ ਹੋਏ । ਇਸੇ ਲਈ ਬਾਰ ਬਾਰ ਸਿਮਰਨ ਕਰਨਾ ਪੈਂਦਾ ਹੈ । ਰੋਜ਼ ਰੋਜ਼ ਸਿਮਰਨ ਕਰਨਾ ਪੈਂਦਾ ਹੈ ਤੇ ਉਸ ਅੰਮ੍ਰਿਤ ਬੂੰਦ ਦੀ ਉਡੀਕ ਕਰਨੀ ਪੈਂਦੀ ਹੈ । ਬਾਰ ਬਾਰ ਸਿਮਰਨ ਰਾਹੀਂ ਗੁਰੂ ਦੇ ਦੁਆਰ ਤੇ ਦਸਤਕ ਦੇਣੀ ਪੈਂਦੀ ਹੈ ਕਿਉਂਕਿ ਪਤਾ ਨਹੀਂ ਕਦੋਂ ਦੁਆਰ ਖੁਲ ਜਾਏ ਤੇ ਅਸੀਂ ਅੰਦਰ ਲੰਘ ਜਾਈਏ, ਕਦੋਂ ਅਨਹਦ ਨਾਦ ਸੁਣ ਪਏ, ਕਦੋਂ ਸ਼ੀਤਲ ਪ੍ਰਕਾਸ਼ ਦੀ ਝਲਕ ਦਿਸ ਪਏ ।

ਇਸੇ ਨਿਯਮ ਦੇ ਆਧਾਰ ਤੇ ਸਾਡੇ ਗੁਰੂ ਸਾਹਿਬ ਇਕੋ ਗਲ ਬਾਰ-ਬਾਰ ਸਾਨੂੰ ਕਹੀ ਜਾਂਦੇ ਹਨ, ਉਹੀ ਗਲ ਕਈ ਸ਼ਬਦਾਂ ਵਿਚ, ਕਈ ਤਰੀਕਿਆਂ ਨਾਲ, ਕਈ ਮਿਸਾਲਾਂ ਨਾਲ ਸਮਝਾਂਦੇ ਹਨ ਕਿ ਸ਼ਾਇਦ ਕਿਸੇ ਸਮੇਂ ਅਸੀਂ ਉਹ ਸੁਣ ਸਕੀਏ ਜੋ ਉਹ ਸਾਨੂੰ ਸੁਣਾਉਣਾ ਚਾਹੁੰਦੇ ਹਨ ।

ਅਸੀਂ ਸ਼ਬਦਾਂ ਨੂੰ ਨਹੀਂ ਬਲਕਿ ਉਸ ਸਤਿ ਨੂੰ ਪਛਾਣ ਲਈਏ ਜਿਹੜਾ ਸ਼ਬਦ ਪਿਛੇ ਲੁਕਿਆ ਹੈ, ਉਸ ਤੱਤ ਤਕ ਪਹੁੰਚ ਜਾਈਏ ਜਿਹੜਾ ਸ਼ਬਦਾਂ ਰਾਹੀਂ ਨਹੀਂ ਕਿਹਾ ਜਾ ਸਕਦਾ ।

ਸਤਿ ਤਾਂ ਬਹੁਤ ਛੋਟਾ ਹੈ ਪਰ ਉਸ ਨੂੰ ਸਮਝਾਣ ਵਿਚ ਬਹੁਤ ਕੁਝ ਕਹਿਣਾ ਪੈਂਦਾ ਹੈ ਤੇ ਫਿਰ ਵੀ ਪੱਕਾ ਨਹੀਂ ਹੁੰਦਾ ਕਿ ਸਾਰਾ ਕਿਹਾ ਜਾ ਚੁਕਿਆ ਹੈ । ਸਾਖੀ ਹੈ ਕਿ ਕਿਸੇ ਸਿਖ ਨੇ ਗੁਰੂ ਨਾਨਕ ਦੇਵ ਜੀ ਕੋਲੋਂ ਪੁਛਿਆ, 'ਸੱਚੇ ਪਾਤਸ਼ਾਹ ! ਰਬ ਬਾਰੇ ਕੁਝ ਦਸੋ' ?

ਗੁਰੂ ਜੀ ਚੁਪ ਰਹੇ ਤੇ ਆਸਮਾਨ ਵਲ ਤਕਦੇ ਰਹੇ । ਸਿਖ ਨੇ ਉਤਾਵਲ੍ਹੇ ਹੋ ਕੇ ਫਿਰ ਪੁਛਿਆ ਕਿ ਮਹਾਰਾਜ ਤੁਸੀਂ ਦਸਿਆ ਨਹੀਂ ! ਗੁਰੂ ਜੀ ਨੇ ਕਿਹਾ, 'ਮੈਂ ਦਸਿਆ ਹੈ ਤੂੰ ਸੁਣਿਆ ਨਹੀਂ' ਸਿਖ ਦੇ ਜ਼ੋਰ ਦੇਣ ਤੇ ਕਿ ਸਚੇ ਪਾਤਸ਼ਾਹ ਰਬ ਬਾਰੇ ਕੁਝ ਦਸੋ ? ਗੁਰੂ ਜੀ ਨੇ ਕਿਹਾ, "ਵਾਹ ! ਵਾਹ !" । ਸਿਖ ਨੇ ਫਿਰ ਕਿਹਾ ਕਿ ਸਮਝ ਨਹੀਂ ਆਈ । ਗੁਰੂ ਜੀ ਨੇ ਕਿਹਾ ਇਹੀ ਤਾਂ ਮੁਸ਼ਕਲ ਹੈ । ਜੋ ਸੱਚ ਹੈ ਉਹ ਤਾਂ ਬਿਨਾ ਕਹਿਆਂ ਵੀ ਸਮਝਿਆ ਜਾ ਸਕਦਾ ਹੈ । ਜੋ ਕਹੀਦਾ ਹੈ ਉਹ ਤਾਂ ਇਕੋ ਗਲ ਨੂੰ ਬਾਰ ਬਾਰ ਕਹੀਦਾ ਹੈ ਕਿ ਸ਼ਾਇਦ ਕਦੀ ਤੁਸੀਂ ਸਮਝ ਜਾਓ ।

ਮੇਰੀ ਸਮਝੇ ਸਾਰਾ ਗੁਰੂ ਗ੍ਰੰਥ ਸਾਹਿਬ ਉਹ 'ਵਾਹ-ਵਾਹ' ਦਾ ਵਿਸਥਾਰ ਹੈ । ਬਾਰ ਬਾਰ ਪਾਠ ਕਰਦਿਆਂ, ਘੜੀ-ਮੁੜੀ ਪੜ੍ਹਦਿਆਂ, ਸ਼ਾਇਦ ਕਿਸੇ ਛਿਣ ਅਸੀਂ ਵਾਹ ਵਾਹ ਨੂੰ ਪਕੜ ਲਈਏ, ਉਸ ਦੀ ਝਲਕ ਪਾ ਲਈਏ, ਜਿਸ ਦੀ ਉਸਤਤ ਗੁਰੂ ਜੀ ਗਾ ਰਹੇ, ਜਿਸ ਦੀ ਕੀਰਤ ਗੁਰੂ ਕਰ ਰਹੇ ਹਨ ।

ਗੁਰੂ ਨਾਨਕ ਦੇਵ ਜੀ ਨੇ ਆਪਣਾ ਅੱਧਾ ਜੀਵਨ (70 ਸਾਲ ਵਿਚੋਂ 32 ਸਾਲ) ਪ੍ਰਚਾਰ ਵਿਚ ਲਾਇਆ । ਦੁਨੀਆ ਦੇ ਕੋਨੇ ਕੋਨੇ ਵਿਚ ਜਾ ਕੇ ਇਕੋ ਗਲ ਕਹੀ 'ਵਾਹੁ ਵਾਹੁ' ਕੀ ਹੈ । ਇੰਨੀ ਛੋਟੀ ਜਿਹੀ ਗਲ ਨੂੰ ਸਮਝਾਉਣ ਲਈ 32 ਸਾਲ ਤਕ ਬੋਲਣਾ ਪਿਆ । ਫਿਰ ਵੀ ਪਤਾ ਨਹੀਂ ਕਿੰਨੇ ਕੁ ਲੋਕ ਇਸ ਸਚਾਈ ਨੂੰ ਸਮਝ ਸਕੇ ।

11 ਸਾਲ ਤਾਂ ਉਹ ਕਰਤਾਰਪੁਰ ਵਿਚ ਹੀ ਲੋਕਾਂ ਨੂੰ ਸਮਝਾਉਂਦੇ ਰਹੇ । ਇਕੋ ਥਾਂ (ਤੇ ਇਕੋ ਜਿਹੇ ਸਥਾਨੀ ਲੋਕਾਂ ਨੂੰ) ਤੇ ਕੀ

ਸਮਝਾਂਦੇ ਰਹੇ ? ਇਕ ਵਾਹਿਗੁਰੂ ਨੂੰ । ਇਕ ਓਅੰਕਾਰ ਨੂੰ ਹੀ ਬਾਰ ਬਾਰ ਕਹਿ ਕੇ ਦਸਦੇ ਰਹੇ । ਇਕੋ ਸਚਾਈ ਨੂੰ ਨਵੇਂ ਰੰਗਾ ਵਿਚ, ਨਵੇਂ ਢੰਗਾਂ ਵਿਚ, ਨਵੇਂ ਸ਼ਬਦਾਂ ਵਿਚ, ਨਵੇਂ ਮੁਹਾਵਰਿਆਂ ਵਿਚ, ਨਵੇਂ ਰਾਗਾਂ ਵਿਚ, ਨਵੇਂ ਗੀਤਾਂ ਵਿਚ ਸਮਝਾਂਦੇ ਰਹੇ ਕਿ ਸ਼ਾਇਦ ਕੁਝ ਸਾਡੇ ਪਲੇ ਪੈ ਜਾਏ ।

ਸੋ ਵਾਹਿਗੁਰੂ ਦਾ ਬਾਰ ਬਾਰ ਸਿਮਰਨ ਕਰਨਾ ਜ਼ਰੂਰੀ ਹੈ, ਰੋਜ਼ ਰੋਜ ਕਰਨਾ ਜ਼ਰੂਰੀ ਹੈ ਕਿਉਂਕਿ ਪਤਾ ਨਹੀਂ ਕਦੋਂ ਸਾਨੂੰ ਸਤਿ ਦੀ ਝਲਕ ਮਿਲ ਜਾਏ ਤੇ ਸਾਡੇ ਮੂੰਹੋਂ 'ਵਾਹਿ-ਵਾਹਿ' ਨਿਕਲ ਜਾਏ ।

ਨੋਟ :- ਇਸ ਤਰ੍ਹਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 40/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਸ: ਦੀਦਾਰ ਸਿੰਘ, C-129 ਵਿਕਾਸ ਕਾਲੋਨੀ ਪਟਿਆਲਾ 147001 ਨੂੰ ਲਿਖਿਆ ਜਾ ਸਕਦਾ ਹੈ ।

◆ ◇ ◆

# ਭਾ: ਸਾ: ਭਾ: ਵੀਰ ਸਿੰਘ ਜੀ ਦੇ ਵੀਚਾਰ

## [ਪ੍ਰੀਤ]

*ਰੇ ਮਨ ਐਸੀ ਹਰਿ ਸਿਉ ਪ੍ਰੀਤ ਕਰਿ*
*ਜੈਸੀ ਬੂਰ ਤਲਾ ॥*
*ਝੋਲਿ ਪਿਛਾਹਾਂ ਸਟੀਏ ਭੀ ਗਲ ਲਗੇ ਧਾਇ॥*

ਜੇ ਰੋਕਾਂ ਪੈਣ, ਮਨ ਢਹਵੇ, ਧੱਕੇ ਵਜਣ, ਸਗੋਂ ਭਜ ਭਜ ਕੇ ਸਿਮਰਨ ਵਿਚ ਲਗੀਏ ਤੇ ਵਾਹਿਗੁਰੂ ਦੇ ਗਲ ਚੰਬੜੀਏ। ਪਹਲਿਾਂ ਕੁਝ ਸਮਾਂ ਹੱਠ ਕਰੀਦਾ ਹੈ ਫਿਰ ਸਿਮਰਨ ਸੁਰਤ ਦੇ ਵਿਚ ਸਿੰਜਰਦਾ ਹੈ ਤਦੋਂ ਰਸ ਪੈਦਾ ਹੁੰਦਾ ਅਰ ਮਨ ਦੀ ਦਸ਼ਾ ਰਸ ਭਰੀ ਹੋ ਜਾਂਦੀ ਹੈ। ਜਦੋਂ ਸੁਰਤ ਤੇ ਨਾਮ ਇਕ ਮਿਕ ਹੋ ਜਾਂਦੇ ਹਨ ਫੇਰ ਸਹਿਜ ਆਉਂਦਾ ਹੈ। ਅਸਲ ਦਿਸ਼ਾ ਇਹ ਹੈ। ਪਹਿਲੀ ਮੰਜ਼ਲ ਹੱਠ ਨਾਲ ਹੁੰਦੀ ਹੈ।

## [ਹੱਠ ਕੀ ਹੈ ?]

ਰਸ ਆਵੇ ਨਾ ਆਵੇ, ਦਿਲ ਲਗੇ ਨ ਲਗੇ, ਮੁਸ਼ਕਲਾਂ ਪੈਣ ਚਾਹੇ ਸੌਖ ਹੋਵੇ, ਦਮ ਤੇ ਪਹਿਰਾ ਲੈ ਬੈਠੀਏ। ਦਮ ਨਾਲ ਪਰੋਂਦੇ ਕਢੀਏ। ਬਸ ਏਸ ਕਾਰੋਂ ਨ ਉਕੀਏ :-

*ਲਗਾ ਰਹੇਂ ਤਾਂ ਲਗਾ ਰਹੁ*
*ਹਰਦਮ ਕਦੀ ਨ ਡੋਲ।*
*ਲਗਾ ਰਹੇਂ ਤਾਂ ਲਾਖ ਕਾ*
*ਹਟੇਂ ਤਾਂ ਕਉਡੀ ਮੋਲ।*

# ਦਮ ਸੰਭਾਲੋ

'ਦਮ' (ਸੁਆਸ) ਐਵੇਂ ਨਹੀਂ ਆਂਵਦੇ; ਦਮ ਰਤਨ-ਜਵਾਹਰ ਹਨ।

ਮੁੰਡੇ ਠੀਕਰੀਆਂ ਨਾਲ ਖੇਡਦੇ ਹਨ, ਫੇਰ ਠੀਕਰੀਆਂ ਸੁਟ ਕੇ ਘਰ ਆ ਜਾਂਦੇ ਹਨ। ਠੀਕਰੀਆਂ ਸੁਟਣ ਦਾ ਜਿੰਨਾਂ ਕੁ ਦੁਖ ਮੰਨਦੇ ਹਨ, ਉਨ੍ਹਾਂ ਕੁ ਦੁਖ ਅਸੀਂ ਦਮਾਂ ਦੇ ਬਿਰਥਾ ਜਾਣ ਦਾ ਮੰਨਦੇ ਹਾਂ, ਸੋ ਸਾਡੇ ਲਈ ਦਮ ਠੀਕਰੀਆਂ ਸਮਾਨ ਹਨ। ਪਰ ਹਰ 'ਦਮ' ਹੀਰੇ ਲਾਲਾਂ ਦੇ ਤੁਲ ਹੈ। ਹੀਰਾ ਗੁਆਚੇ ਤਾਂ ਕਿੰਨੀ ਕੁ ਪੀੜ ਹੁੰਦੀ ਹੈ। ਠੀਕਰੀਆਂ ਵਾਂਙੂ ਲਾਲ ਕਿਸੇ ਨਾ ਗਵਾਏ।

ਇਸ ਵਿਚ ਸੁਰਤ ਲਾਲਾਂ ਦਾ ਵਣਜ ਕਰ ਸਕਦੀ ਹੈ, ਇਸ ਵਿਚ ਲਾਲ ਜਵਾਹਰ ਹਨ, ਪਰ ਅਸੀਂ ਇਸ ਨਾਲ ਠੀਕਰੀਆਂ ਦਾ ਵਣਜ ਕਰਦੇ ਹਾਂ: "ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ" ਤੇ ਉਹ ਸਿੱਖ ਕੀਹ ਹੈ?

***ਸਭਨਾਂ ਜੀਆਂ ਦਾ ਇਕੁ ਦਾਤਾ, ਸੋ ਮੈਂ ਵਿਸਰਿ ਨ ਜਾਈ।***

ਮਰਨਾਊ ਆਦਮੀ ਲਖਾਂ ਕਰੋੜਾਂ ਹੀਰੇ ਦੇ ਕੇ ਜੋ ਇਕ ਦਮ ਦਾ ਜੀਵਨ ਮੰਗੇ ਤਾਂ ਇਕ ਦਮ ਬੀ ਹੋਰ ਨਹੀਂ ਲੱਭਦਾ। ਹੁਣ ਉਹ ਦਮ ਐਵੇਂ ਜਾ ਰਹੇ ਹਨ ਐਵੇਂ ਨ ਗੁਆਓ ਬਾਬਾ, ਦਮਾਂ ਨੂੰ ਦੰਮਾਂ ਦੀਆਂ ਬੋਰੀਆਂ ਵਾਂਙੂ ਸਫਲ ਬਣਾਓ।।



# ਤ੍ਰੈ - ਤਪ

..........ਜਦੋਂ ਨਾਮ ਵਿਚ ਰਸ ਨ ਪਵੇ, ਮਨ ਨ ਲਗੇ ਤਦੋਂ ਬਾਣੀ ਪੜ੍ਹੋ ਅਤੇ ਇਸ ਤਰਾਂ ਬੇਨਤੀ ਕਰੋ :-

*ਹਮ ਪਾਥਰ ਗੁਰ ਨਾਵ, ਬਿਖੁ ਭਵਜਲ ਤਾਰੀਐ ਰਾਮ ॥*
*ਗੁਰ ਦੇਵਹੁ ਸਬਦ ਸੁਭਾਇ, ਮੈਂ ਮੂੜ ਨਿਸਤਾਰੀਐ ਰਾਮ॥*
*ਹਮ ਮੂੜ ਮੁਗਧ ਕਿਛੁ ਮਿਤਿ ਨਹੀਂ ਪਾਈ*
*ਤੂ ਅਗੰਮੁ ਵਡ ਜਾਨਿਆ ॥*
*ਤੂ ਆਪਿ ਦਇਆਲੁ ਦਇਆ ਕਰਿ ਮੇਲਹਿ;*
*ਹਮ ਨਿਰਗੁਣੀ ਨਿਮਾਣਿਆ ॥*
*ਅਨੇਕ ਜਨਮ ਪਾਪ ਕਰਿ ਭਰਮੇ*
*ਹੁਣਿ ਤਉ ਸਰਣਾਗਤਿ ਆਇ ॥*
*ਦਇਆ ਕਰਹੁ ਰਾਖਿ ਲੇਵਹੁ ਹਰਿ ਜੀਉ*
*ਹਮ ਲਾਗਹ ਸਤਿਗੁਰ ਪਾਏ ॥*

ਪ੍ਰਾਰਥਨਾ, ਬਾਣੀ, ਸ਼ੁਕਰ (ਕਰਨਾ) ਇਹ ਤ੍ਰੈ ਤਪ ਹਨ ਅਰ ਨਾਮ ਜਪ ਹੈ। ਜਦੋਂ ਮਨ ਦੀ ਮੈਲ ਕਟੀ ਜਾਵੇ ਤਦੋਂ ਨਾਮ ਰਸ ਰੂਪ ਹੈ ਤੇ ਇਸ ਨੂੰ ਅੰਮ੍ਰਿਤ ਆਖਦੇ ਹਨ। ਉਦੋਂ ਨਾਮ ਨਿਵਾਸ ਤੇ ਹਰੀ ਨਿਵਾਸ ਇਕੋ ਗਲ ਹੈ।

# ਮਾਇਆ ਦੀ ਫਾਹੀ

ਮਾਇਆ ਦੀ ਫਾਹੀ ਤੋਂ ਛੁਟਕਾਰਾ ਦੇਣ ਲਈ ਸਤਿਗੁਰੂ ਜੀ ਸਾਡੇ ਕਰਮਾਂ ਨੂੰ ਗੁਰੂ ਤੇ ਸਾਧ ਸੰਗਤ ਦੀ ਸੇਵਾ ਵਿਚ ਲਾਉਂਦੇ ਹਨ ਤੇ ਸੇਵਾ ਕਰਨੀ 'ਹੁਕਮ' ਤੋਂ ਸਮਝਾਉਂਦੇ ਹਨ।

ਹੁਕਮ ਸਮਝ ਕੇ ਜੋ ਸੇਵਾ ਕਰੀਦੀ ਹੈ ਉਸ ਵਿਚ ਹਉਮੈਂ ਦੀ ਪਕੜ ਘਟਦੀ ਜਾਂਦੀ ਹੈ, ਤ੍ਰਿਸ਼ਨਾ ਨੀਵੀਂ ਹੁੰਦੀ ਜਾਂਦੀ ਹੈ ਤੇ ਅੰਤ ਮਨ ਸ੍ਵਛ ਹੋ ਕੇ ਨਿਖਰਦਾ ਹੈ।

ਥ੍ਰਹਮ – ਤਦ ਸੇਵਾ ਦਾ ਫਲ ਮਨ ਦੀ ਸਫਾਈ ਹੈ ਤੇ ਸੇਵਾ 'ਹੁਕਮ' ਵਿਚ ਕਰਨੀ ਹੈ, ਆਪਣੀ ਵਡਿਆਈ, ਲਯਾਕਤ, ਤਰਸ, ਮੈਂ ਦਯਾਲੂ ਸੁਭਾਵੀ ਹਾਂ, ਐਸੇ ਐਸੇ ਮਨ ਦੇ ਸੰਕਲਪਾਂ ਨਾਲ ਨਹੀਂ, ਪਰ ਕੇਵਲ ਇਸ ਲਈ ਕਿ ਇਹ ਸੇਵਾ ਮਨ ਨੂੰ ਸ਼ੁਧ ਕਰ ਦੇਵੇਗੀ ਤੇ ਇਹ ਸੇਵਾ ਕਰਨੀ ਇਕ 'ਹੁਕਮ' ਹੈ.......

ਸਤਿਗੁਰੂ ਜੀ ਗੁਰੂ ਤੇ ਗੁਰਮੁਖਾਂ ਦੀ ਸੇਵਾ ਦਸਦੇ ਹਨ। ਇਹ ਸੇਵਾ ਕਰਦਿਆਂ ਮਨੰ ਗੁਰੂ ਦੇ ਗੁਰਮੁਖਾਂ ਦੇ ਗੁਣਾਂ ਨੂੰ ਲੈਂਦਾ ਹੈ, ਇਹ ਸੇਵਾ ਮਨ ਨੂੰ ਨਿਰਮਾਨ ਕਰਦੀ ਹੈ ਤੇ ਨਿਰਮਾਨਤਾ ਮਨ ਦੀ ਮੈਲ ਧੋਂਦੀ ਹੈ ਤੇ ਉਧਰੋਂ ਗੁਰੂ-ਸਤਿਸੰਗ ਦੀ ਖੁਸ਼ੀ ਉਸ ਦੀ ਮੈਲ ਕਟਦੀ ਹੈ, ਇਸ ਦਾ ਫਲ ਇਹ ਹੁੰਦਾ ਹੈ ਕਿ ਮਨ ਨਾਮ ਨਿਵਾਸ ਲਈ ਤਿਆਰ ਹੋ ਜਾਂਦਾ ਹੈ।

ਸਰਬ ਸੇਵਾ ਦਾ ਫਲ ਮਨ ਵਿਚ ਨਾਮ ਨਿਵਾਸ ਹੈ। ਹੋਰ ਦੂਜੇ ਭਾਇ ਦੀ ਸੇਵਾ, ਜੋ ਦਿਖਾਵੇ ਲਈ ਕਰੀਦੀ ਹੈ ਠੀਕ ਨਹੀਂ ਹੈ, ਸੇਵਾ 'ਮਨ ਦੀ ਸ਼ੁਧੀ' 'ਕਰਮ ਦੀ ਸਫਾਈ' ਲਈ ਹੈ ਅਤੇ ਮਨ, ਕਰਮ ਦੀ ਸਫਾਈ ਵਿਚ ਇਸਥਿਤ ਕਰਨ ਲਈ ਹੈ।

ਸੇਵਾ ਸਤਿਗੁਰੂ ਜੀ 'ਹੁਕਮ' ਵਿਚ ਕਰਵਾਉਂਦੇ ਹਨ। ਜੋ ਸੇਵਾ ਨੂੰ ਹੁਕਮ ਸਮਝ ਕੇ ਨਹੀਂ ਕਰਦਾ ਉਸ ਦਾ ਮਨ ਸਾਫ ਨਹੀਂ ਹੁੰਦਾ ਕਿਉਂਕਿ ਉਹ 'ਸੇਵਾ' ਮਨ ਦੀ ਮਤ ਨਾਲ ਕਰਦਾ ਹੈ। 'ਮਨ ਦੀ ਮਤ' ਹਉਮੈ ਹੈ। ਹਉਮੈ ਦੇ ਕੀਤੇ ਕੰਮ 'ਕੂੜੇ ਦੀ ਪਾਲ' ਵਿਚ ਫਸਾਈ ਰਖਦੇ ਹਨ, ਉਨ੍ਹਾਂ ਦਾ ਫਲ ਮਨ ਦੀ ਸਫਾਈ ਨਹੀਂ ਹੁੰਦਾ।

ਸਾਡੇ ਕਰਮ ਮਾੜੇ ਹਨ, ਅਸੀਂ ਮਨ ਦੇ ਮਗਰ ਟੁਰਦੇ ਹਾਂ, ਅੰਦਰ ਸਾਡੇ ਤ੍ਰਿਸ਼ਨਾਂ ਹੈ। ਉਸ ਤੋਂ ਸਾਡੇ ਕਰਮ ਸਾਨੂੰ ਅਤ੍ਰਿਪਤ ਮਾਇਆ ਵਿਚ ਫਸਾਉਂਦੇ ਹਨ।

ਇਸ ਮਾਇਆ ਦੀ ਫਾਹੀ ਤੋਂ ਛੁਟਕਾਰਾ ਦੇਣ ਲਈ ਸਤਿਗੁਰੂ ਦੀ ਸਾਡੇ ਕਰਮਾਂ ਨੂੰ ਗੁਰੂ ਤੇ ਸਾਧ ਸੰਗਤ ਦੀ ਸੇਵਾ ਵਿਚ ਲਾਉਂਦੇ ਹਨ ਤੇ ਸੇਵਾ ਕਰਨੀ 'ਹੁਕਮ' ਤੋਂ ਸਮਝਾਉਂਦੇ ਹਨ – । ਹੁਕਮ ਸਮਝ ਕੇ ਜੋ ਸੇਵਾ ਕਰੀਦੀ ਹੈ ਉਸ ਵਿਚ ਹਉਮੈਂ ਦੀ ਪਕੜ ਘਟਦੀ ਜਾਂਦੀ ਹੈ, ਤ੍ਰਿਸ਼ਨਾਂ ਨੀਵੀਂ ਹੁੰਦੀ ਜਾਂਦੀ ਹੈ ਅਤੇ ਅੰਤ ਮਨ ਸ੍ਵਛ ਹੋ ਕੇ ਨਿਖਰਦਾ ਹੈ।

## ਦੁਖਾਂ ਬਾਰੇ

ਦੁਖ ਆਉਣਾ ਸਾਡੇ ਬੁਰੇ ਲਈ ਨਹੀਂ ਹੋਇਆ ਕਰਦਾ ਸਗੋਂ ਇਹ ਕਰਮਾਂ ਦਾ ਬਲ ਤੋੜਦੇ ਹਨ।

ਜੋ ਦੁਖ ਅਸੀਂ ਪਾਉਂਦੇ ਹਾਂ ਉਨ੍ਹਾਂ ਦਾ ਇਹ ਪ੍ਰਯੋਜਨ ਹੁੰਦਾ ਹੈ ਕਿ ਸਾਡੀ ਜਾਗ ਖੁਲੇ ਅਰ ਸਾਨੂੰ ਹੋਸ਼ ਆਵੇ ਪਰ ਅਸੀਂ ਐਸੇ ਹਾਂ ਕਿ ਸਾਡੀ ਜਾਗ ਹੀ ਨਹੀਂ ਖੁਲਦੀ। ਦੁਖ ਆ ਕੇ ਉਠਾ ਕੇ ਬਿਠਾ ਦੇਂਦੇ ਹਾਂ, ਛੱਟੇ ਮਾਰ ਕੇ ਅਖਾਂ ਖੋਲ੍ਹ ਦੇਂਦੇ ਹਨ। ਇਕ ਵਾਰ ਹੋਸ਼ ਕਰ ਕੇ ਕਹੀਦਾ ਹੈ ਕਿ ਹੁਣ ਅਸੀਂ ਫੇਰ ਗਾਫਲ ਨਹੀਂ ਹੋਵਾਂਗੇ। ਪਰ ਦੁਖ ਗਏ ਅਰ ਅਸੀਂ ਫੇਰ ਨਿੱਸਲ ਹੋ ਗਏ।

# ਦੂਖ-ਦਾਰੂ

ਜੇ ਕਦੀ ਹਰ ਦੂਖ ਤੋਂ ਮਗਰੋਂ ਅਸੀਂ ਸਿਖਿਆ ਲਈਏ ਤਦ ਦੂਖ-ਦੂਖ ਨਹੀਂ ਹਨ ਸਗੋਂ ਆਤਮਕ ਤਰੱਕੀ ਦੀ ਪੌੜੀ ਦੇ ਡੰਡੇ ਹਨ। ਹਰ ਦੂਖ ਸਾਡੀ ਆਤਮਾ ਨੂੰ ਪਹਿਲੋਂ ਤੇ ਉਚੇਰੇ ਥਾਂ ਛਡ ਜਾਂਦਾ ਹੈ ਅਰ ਇਉਂ ਦੂਖ ਦਾਰੂ ਹੋ ਢੁਕਦਾ ਹੈ।

ਜੇ ਕਰ ਹਰ ਦੂਖ ਸਾਡੀ ਸੁਰਤ ਨੂੰ ਨੀਵਾਂ ਕਰ ਜਾਏ ਤਦ ਬਹੁਤ ਘਾਟ ਪੈ ਜਾਂਦੀ ਹੈ। ਇਹ ਜੁ ਦੂਖ ਤੋਂ ਲਾਭ ਉਠਾਉਣਾ ਹੁੰਦਾ ਹੈ ਇਹ ਬਿਨਾਂ ਸਤਿਸੰਗ ਦੇ ਹੋ ਨਹੀਂ ਸਕਦਾ।

ਸਤਿਸੰਗ ਹੀ ਹੈ ਜੋ ਜਾਂਚ ਦਸਦਾ ਹੈ ਕਿ ਕਿਕੂੰ ਨਾਮ ਦਾ ਦੀਪਕ ਜਗਾਈਦਾ ਹੈ ਅਰ ਉਸ ਵਿਚ ਦੂਖ ਦਾ ਤੇਲ ਪਾ ਦੇ ਨੂਰ ਵਿਚ ਆ ਜਾਈਦਾ ਹੈ ਤੇ ਫੇਰ ਚੜਦੀਆਂ ਕਲਾਂ ਵਿਚ ਖਲੋ ਕੇ ਆਖੀਦਾ ਹੈ :

*ਦੀਵਾ ਮੇਰਾ ਏਕੁ ਨਾਮੁ, ਦੁਖੁ ਵਿਚਿ ਪਾਇਆ ਤੇਲੁ॥*
*ਉਨਿ ਚਾਨਣਿ ਓਹੁ ਸੋਖਿਆ, ਚੂਕਾ ਜਮ ਸਿਉ ਮੇਲੁ॥*



# ਕਰਮਾਂ ਦੇ ਫਲ

ਸ਼ੁਭ ਕਰਮਾਂ ਦੇ ਜਦ ਭੋਗ ਆਉਂਦੇ ਹਨ ਤਦ ਦੋ ਫਲ ਲਗਦੇ ਹਨ। ਇਕ ਤਾਂ ਸੁਖ ਸਰੀਰ ਨੂੰ ਲਭਣੇ ਅਤੇ ਦੂਜਾ ਵਾਸ਼ਨਾ ਦਾ ਚੰਗਿਆ ਹੋਣਾ। ਪਰ ਨਾ ਸਮਝੀ ਵਿਚ ਫਿਰ ਪਾਪਾਂ ਵਿਚ ਗਲਤਾਨ ਹੋਣ ਨਾਲ ਆਏ ਸੁਭਾਗ ਸਮੇਂ ਤੋਂ ਲਾਭ ਦੀ ਥਾਂ ਹਾਣੀ ਉਠਾ ਲੈਂਦੇ ਹਾਂ।

ਜਦ ਖੋਟੇ ਕਰਮਾਂ ਦਾ ਭੋਗ ਆਉਂਦਾ ਹੈ ਤਦ ਦੁਖ ਅਰ ਖੋਟੀਆਂ ਵਾਸ਼ਨਾਂ ਦਾ ਅਸਰ ਜ਼ਰੂਰ ਹੁੰਦਾ ਹੈ। ਉਸ ਵੇਲੇ ਅਸੀਂ ਨਾਸ਼ੁਕਰੀ, ਉਦਾਸੀ ਘਬਰਾ ਵਿਚ ਹੋ ਕੇ ਦੁਖ ਤੋਂ, ਜੋ ਉਸਤਾਦ ਹੋਇ ਆਇਆ ਸੀ, ਲਾਭ ਨਹੀਂ ਉਠਾਂਦੇ।

ਸਤਿਸੰਗ ਦਸਦਾ ਹੈ ਕਿ ਜਦੋਂ ਪੁੰਨ ਕਰਮਾਂ ਦਾ ਭੋਗ ਆਇਆ ਹੈ, ਵਾਸ਼ਨਾ ਨੇਕ ਹਨ, ਤਦੋਂ ਵਤਰ ਤਾ ਵੇਲਾ ਹੈ, ਬੀ ਬੀਜ ਲਓ ਅਰ ਇਉਂ ਦੁਹਾਈਆਂ ਕੰਨੀਂ ਪੈਂਦੀਆਂ ਹਨ :-

*ਜਬ ਲਗੁ ਜਰਾ ਰੋਗ ਨਹੀਂ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀਂ ਕਾਇਆ॥*
*ਜਬ ਲਗੁ ਬਿਕਲ ਭਈ ਨਹੀਂ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿੰਗ ਪਾਨੀ ॥*

ਜਦ ਪਾਪਾਂ ਦੇ ਭੋਗਾਂ ਦਾ ਵੇਲਾ ਆਵੇ ਤਦ ਸਤਿਸਗ ਕਹਿੰਦਾ ਹੈ, ਘਬਰਾ ਨਹੀਂ, ਦੁਖ ਨੂੰ ਸ਼ੁਕਰ ਨਾਲ ਝੱਲ । ਹੁਕਮ ਮੰਨ, ਭਾਣਾ ਮਿਠਾ ਕਰ। ਇਸ ਦੁਖ ਦੇ ਮਗਰੋਂ ਤੇਰੀ ਤਰੱਕੀ ਹੋਵੇਗੀ। ਵਾਸ਼ਨਾਂ ਭਾਵੇਂ ਖਰਾਬ ਹਨ ਪਰ ਸਤਿਸੰਗ ਦਾ ਬਲ ਸ਼ੁਕਰ ਦੀ ਜਾਂਚ ਸਿਖਾਂਦਾ ਹੈ। ਇਸ ਲਈ ਦੁਖ ਪਏ ਤੇ ਸ਼ੁਕਰ ਕਰੀਏ ਅਰ ਜੇ ਮਨ ਸ਼ੁਕਰ ਵਿਚ ਨ ਆਵੇ ਤਾਂ ਬੇਨਤੀ ਕਰੀਏ ਅਤੇ ਬਾਣੀ

ਨੂੰ ਵਧੀਕ ਪਿਆਰ ਨਾਲ ਪੜੀਏ। ਇਸ ਤਰਾਂ ਸਮਝੋ ਵਾਸ਼ਨਾ ਦਾ ਖੋਟ ਭਲੇ ਪਾਸੇ ਪੈ ਗਿਆ। ਇਸ ਤਰਾਂ ਸਤਿਸੰਗ ਦੇ ਪ੍ਰਤਾਪ ਨਾਲ ਆਦਮੀ ਜਿਤ ਦੀ ਆਸਾ ਦੁਖ ਸੁਖ ਦੋਹਾਂ ਵੇਲੇ ਢਾਲਦਾ ਇਨ੍ਹਾਂ ਤੋਂ ਉਚੇਰਾ ਹੋ ਜਾਂਦਾ ਹੈ।

*ਸੁਖ ਮੈ ਨਾਮ ਆਰਾਧੀਐ, ਦੁਖ ਕਾਹੇ ਕਉ ਲਾਗੈ ।*
*ਦੁਖ ਮੈ ਨਾਮ ਆਰਾਧੀਐ, ਦੁਖ ਦੂਰੋਂ ਭਾਗੈ ।*

## ਬੁਰੇ ਦਾ ਵੀ ਭਲਾ

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨ ਨ ਹਢਾਇ ॥*
*ਦੇਹੀ ਰੋਗ ਨ ਲਗਈ, ਪਲੈ ਸਭੁ ਕਿਛੁ ਪਾਇ ॥*

ਜਦੋਂ ਕੋਈ ਵਿਵਰਜਤ ਕੰਮ ਹੋ ਜਾਵੇ ਉਸ ਨੂੰ justify ਕਰਨ ਦੀ ਕੋਸ਼ਿਸ ਬਿਲਕੁਲ ਨਾ ਕਰੋ। ਸਗੋਂ ਗਲਤੀ ਉਤੇ ਪਛਤਾਵਾ ਕਰੋ ਅਤੇ ਅਗੋਂ ਨੂੰ ਨਾਂਹ ਕਰਨ ਦਾ ਇਕਰਾਰ ਕਰੋ ਤੇ ਵਾਹਿਗੁਰੂ ਜੀ ਅਗੇ ਮਾਫੀ ਲਈ ਅਰਦਾਸ ਕਰੋ।

ਜੇ ਫਿਰ ਵੀ ਏਦਾਂ (ਗਲਤੀ) ਹੋ ਜਾਵੇ ਤਾਂ ਫਿਰ ਇਸੇ ਤਰਾਂ ਕਰੋ। ਵਾਹਿਗੁਰੂ ਜੀ ਬਖਸ਼ਸ਼ ਕਰਕੇ ਸਾਨੂੰ ਬੱਲ ਦੇਣਗੇ ਤੇ ਆਖਰਕਾਰ ਸਾਡੀ ਰੂਹ ਮਾੜੇ ਕਰਮ ਕਰਨ ਤੋਂ ਜਿਤ ਪਾ ਲਵੇਗੀ ਤੇ ਸਾਡੀ ਕਮਜ਼ੋਰੀ ਹੱਟ ਜਾਵੇਗੀ। ਇਸ ਤਰ੍ਹਾਂ ਸਾਂਈ ਦੇ ਦਰਬਾਰ ਸੁਰਖਰੂ ਹੋ ਕੇ ਜਾਵਾਂਗੇ।

*ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥*

ਇਹ ਵਡਿਆਈ ਦਾ ਨਿਸ਼ਾਨ ਨਾਮ ਸਿਮਰਨ ਨਾਲ ਪੈਂਦਾ ਹੈ ਤੇ ਜੇ ਬੁਰੇ ਕਰਮ ਕਰਾਂਗੇ ਤਾਂ :

*ਕਬੀਰ ਜਾ ਕੀ ਦਿਲ ਸਾਬਤ ਨਹੀਂ*

*ਤਾ ਕਉ ਕਹਾਂ ਖੁਦਾਇ ॥*

ਮਰਨ ਮਗਰੋਂ ਰੂਹ ਨੂੰ ਪਹਿਲੀ ਨਿਰਾਸਤਾ ਇਹ ਹੁੰਦੀ ਹੈ ਕਿ ਖਟਿਆ ਧਨ ਤੇ ਬਾਲ-ਬਚੇ ਕੰਮ ਨਹੀਂ ਆਉਂਦੇ, ਨਾਲ ਨਹੀਂ ਜਾਂਦੇ, ਪਿਛੇ ਹੀ ਰਹਿ ਜਾਂਦੇ ਹਨ। ਰੂਹ ਇਕਲੀ ਰਹਿ ਜਾਂਦੀ ਹੈ। ਸਿਰਫ ਨਾਮ ਦੀ ਕਮਾਈ ਨੇ ਹੀ ਨਾਲ ਜਾਣਾ ਹੈ।

ਜਦੋਂ ਅਸੀਂ ਕਿਸੇ ਦਾ ਬੁਰਾ ਕਰਦੇ ਹਾਂ ਤਾਂ ਸਾਡਾ ਮਨ ਜ਼ਖਮੀ ਹੁੰਦਾ ਹੈ। ਇਹ ਰੂਹ ਦੇ ਜ਼ਖਮ ਮਰਨ ਪਿਛੋਂ ਦਿਸਦੇ ਹਨ; ਲੁਕ ਨਹੀ ਸਕਦੇ। ਨਾਮ ਜਪਣ ਨਾਲ ਪਹਿਲਾਂ ਇਹ ਜ਼ਖਮ ਧੁਲਦੇ ਹਨ (ਠੀਕ ਹੁੰਦੇ ਹਨ) ਮੈਲ ਕਟੀਂਦੀ ਹੈ; ਅਰੋਗ ਹੁੰਦੇ ਹਨ, ਫੇਰ ਰਸ ਪੈਂਦਾ ਹੈ।

## ਈਰਖਾ

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*

*ਤਿਸ ਦਾ ਕਦੇ ਨ ਹੋਵੀ ਭਲਾ ॥*

ਇਹ ਈਰਖਾ ਜਿਸ ਨਾਲ ਕਰੀਦਾ ਹੈ ਉਹਦਾ ਤਾਂ ਖਬਰੇ ਕਦ ਨੁਕਸਾਨ ਕਰਸੀ, ਇਸ ਨਾਲ ਆਪਣੀ ਸੁਰਤ ਉਸੇ ਦਮ ਪਤਾਲ ਨੂੰ ਚਲੀ ਜਾਂਦੀ ਹੈ ਤੇ ਆਪਣਾ ਭਲਾ ਮਾਰਿਆ ਜਾਂਦਾ ਹੈ।

ਸਾਧ ਸੰਗਤ ਵਿਚ ਪੈਰ ਧਰਨ ਦਾ ਪਹਿਲਾ ਅਸੂਲ ਇਸ ਨੂੰ ਜਿਤਨਾ ਹੈ। ਸਤਿਗੁਰੂ ਆਖਦੇ ਹਨ :–

*ਬਿਸਰਿ ਗਈ ਸਭ ਤਾਤ ਪਰਾਈ ॥*
*ਜਬ ਤੇ ਸਾਧ ਸੰਗਤਿ ਮੋਹਿ ਪਾਈ ॥*
*ਨਾ ਕੋ ਬੈਰੀ ਨਹੀਂ ਬਿਗਾਨਾ ॥*
*ਸਗਲ ਸੰਗਿ ਹਮ ਕਉ ਬਨਿਆਈ ॥*

ਇਹ ਸਤਿਸੰਗ ਦਾ ਮੰਡਲ ਹੈ ਜੋ ਪ੍ਰੇਮ ਦਾ ਹੁੰਦਾ ਹੈ। ਇਸ ਵਿਚ ਤੋਖਲੇ ਭਰਮ ਦੀ ਕੋਈ ਥਾਂ ਨਹੀਂ। ਈਰਖਾ ਵੀ ਤੋਖਲੇ ਤੋਂ ਪੈਦਾ ਹੁੰਦੀ ਹੈ।

ਜਨਮ ਜਨਮ ਤੋਂ ਤੋਖਲੇ ਵਿਚ ਦਬੇ ਹੋਏ ਜਦ ਅਸੀ ਸਤਿਸੰਗ ਵਿਚ ਆਉਂਦੇ ਹਾਂ ਤਾਂ ਉਥੇ ਵੀ ਇਹ ਭਰਮ ਪੈਦਾ ਹੁੰਦਾ ਹੈ ਕਿ ਮਤਾਂ ਮੈਂ ਪਿਛੇ ਨ ਰਹਿ ਜਾਵਾਂ ਤੇ ਕੋਈ ਮੈਥੋਂ ਅਗੇ ਨ ਲੰਘ ਜਾਵੇ। ਇਹ ਪਿਛਲੇ ਚੰਡਾਲਾ ਦੇ ਪਿੰਡ ਦੀ ਬਾਣ ਹੈ ਜਿਸ ਵਿਚ ਪਹਿਲੇ ਅਸੀਂ ਵਸਦੇ ਰਹੇ ਹਾਂ।

ਹੁਣ ਗੁਰੂ ਨਾਨਕ ਦੇ ਪਿੰਡ ਵਿਚ ਇਸ ਦੀ ਕੋਈ ਥਾਂ ਨਹੀਂ। ਇਥੇ ਗੁਰੂ ਨਾਨਕ ਦਾ ਸੁਭਾ ਟੁਰਦਾ ਹੈ। ਉਹ ਪ੍ਰੇਮ, ਠੰਢ, ਖੁਸ਼ੀ, ਉਮਾਹ, ਦਯਾ, ਰਸ ਤੇ ਆਨੰਦ ਹੈ ਜਿਸ ਦੀ ਜੜ ਸਿਮਰਨ ਤੇ ਹਜ਼ੂਰੀ ਵਿਚ ਲਗੀ ਹੋਈ ਹੈ।

ਏਸ ਘਰ ਦਾ ਪੁਠਾ ਰਾਹ ਹੈ। ਜੇ ਦਾਤਾ ਜੀ ਕਿਸੇ ਪਰ ਵਧੀਕ ਕ੍ਰਿਪਾਲੂ ਦਿਸਦੇ ਹਨ ਤਾਂ ਖੁਸ਼ੀ ਦਾ ਨਸ਼ਾ ਚੜ੍ਹ ਜਾਵੇ ਕਿ ਆਹ ! ਸਾਡੇ ਵਿਚੋਂ ਕੋਈ ਰੂਹ ਪੁਗਣ ਲਗੀ ਹੈ; ਇਹ ਚੰਗਾ ਹੈ, ਕਿਉਂਕਿ ਚੰਗੇ ਨੂੰ ਚੰਗਾ ਲਗ ਗਿਆ ਹੈ। ਆਓ: ਇਸ ਦੇ ਚਰਨਾਂ ਦੀ ਧੂੜੀ ਬਣੀਏ ਜੋ ਸਾਡੀ ਚੰਗਿਆਈ ਵਧ ਜਾਵੇ।

ਜਿਸ ਵਲ ਸਤਿਗੁਰ ਦੀ ਪਿਆਰ ਦੀ ਨਿਗਾਹ ਹੈ, ਜੇ ਅਸੀ ਸਤਿਗੁਰ ਦੇ ਪਿਆਰੇ ਹਾਂ ਤਾਂ ਉਸ ਪਾਸੇ ਸਾਡੀ ਪਿਆਰ ਦੀ ਨਿਗਾਹ ਪਵੇ। ਇਹ ਵਹਿਮ ਕਦੇ ਨ ਕਰੋ ਕਿ ਵਾਹਿਗੁਰੂ ਕਿਸੇ ਖੁਸ਼ਾਮਦ, ਰੂਪ, ਪਦਾਰਥ ਖਾਤਰ ਨਾਲ ਭੁਲੇਖੇ ਵਿਚ ਪੈ ਸਕਦਾ ਹੈ। ਗੁਰੂ ਤੇ ਕਰਤਾਰ ਅਭੁਲ ਹੁੰਦੇ ਹਨ। ਕੰਮ ਕਰਨ ਵਾਲਾ ਗੁਰੂ ਨਾਨਕ ਆਪ ਹੈ; ਫਿਰ ਭੁਲ ਕਿਥੇ? ਤਾਂ ਤੇ ਸਦਾ ਸਤਿਗੁਰੂ ਨੂੰ ਚੰਗਾ ਤੇ ਉਚਾ ਕਰ ਦੇ ਜਾਣੀਏ।

# [ਗੁਰਦੁਆਰਾ–ਪ੍ਰੇਮ ਪੂਜਾ ਅਸਥਾਨ]

ਗੁਰਦੁਆਰੇ ਦੇ ਅੰਮ੍ਰਿਤ ਵੇਲੇ ਦੇ ਕੀਰਤਨ ਦਾ ਸਮਾਂ ਲੋਕ-ਰਾਇ ਨੂੰ ਧਿਆਨ ਵਿਚ ਰਖ ਕੇ ਨੀਯਤ ਕਰਨਾ ਗੁਰਮਤਿ ਦੇ ਵਿਰੁਧ ਹੈ। ਸਮਾਂ ਤਾਂ ਗੁਰੂ ਸਾਹਿਬ ਜੀ ਨੇ ਨੀਯਤ ਕੀਤਾ ਹੋਇਆ ਹੈ ਤੇ ਉਹ ਤਾਂ ਉਹੋ ਹੀ ਰਹੇਗਾ, ਜੁਗ ਜੁਗ ਇਹੋ ਰਹੇਗਾ।

ਪਰ ਇਹ ਕਿ ਜਿਸ ਸਮੇਂ ਵਧ ਤੋਂ ਵਧ ਪ੍ਰਾਣੀ ਆ ਸਕਣ ਤੇ ਕੀਰਤਨ ਸੁਣ ਸਕਣ, ਉਸ ਸਮੇਂ ਗੁਰਦੁਆਰੇ ਦੇ ਕਿਵਾੜ ਖੁਲਣ ਤੇ ਕੀਰਤਨੀਏ ਉਸ ਸਮੇਂ ਆ ਕੇ ਕੀਰਤਨ ਆਰੰਭ ਕਰਨ, ਗੁਰਬਾਣੀ ਦੇ ਵਿਚਾਰਾਂ ਦੇ ਬਿਲਕੁਲ ਉਲਟ ਹੈ।

ਰਬ ਜੀ ਦੀ ਹਜ਼ੂਰੀ ਵਿਚ ਜਾ ਕੇ ਸਾਡਾ ਮੂੰਹ ਜ਼ਰਦ (ਪੀਲਾ)ਵੀ ਹੋਵੇਗਾ ਤੇ ਕਾਲਾ ਵੀ। ਲੋਕ ਪ੍ਰਸੰਨਤਾ ਲੈਣੀ ਇਕ ਪ੍ਰਕਾਰ ਦੀ ਮਾਇਆ ਹੀ ਤਾਂ ਹੈ।

ਸਾਰੀ ਸੰਗਤ ਦਾ ਰੁਝਾਨ, ਉਨ੍ਹਾਂ ਦੀ ਸਹੂਲਤ, ਉਨ੍ਹਾਂ ਦੀ ਅਮਲੀ (Practical life) ਜ਼ਿੰਦਗੀ ਦੀਆ ਔਕੜਾਂ ਆਦਿ ਤੇ ਹੋਰ ਐਸੇ ਖਿਆਲਾਂ ਦਾ ਸਹਾਰਾ ਲੈ ਕੇ, ਜਿਸ ਗੁਰੂ ਜੀ ਨੂੰ ਅਸੀ ਪੂਜਨ ਤੇ ਸੇਵਨ ਦਾ ਪ੍ਰਬੰਧ ਕਰ ਰਹੇ ਹਾਂ, ਜਿਸ ਅਗੇ ਮਥਾਂ ਟੇਕਦੇ ਹਾਂ, ਉਸੇ ਗੁਰੂ ਦੇ ਹੁਕਮਾਂ ਨੂੰ ਟਕਰ ਮਾਰ, ਮੁਕਾਬਲਾ ਕਰ, ਉਨ੍ਹਾਂ ਦੀ ਵਰਤੋਂ ਵਿਚ ਦਬ ਘੁਟ ਨੱਪ ਕੇ ਅਸੀ ਅਮਿਟ ਦੀ ਹੋਂਦ ਮਿਟਾਉਣ ਦੀ ਯਤਨ ਕਰੀਏ?

ਇਸ ਤਰ੍ਹਾਂ ਗੁਰਦੁਆਰਾ ਪ੍ਰੇਮ-ਪੂਜਾ ਅਸਥਾਨ ਤਾਂ ਨ ਰਿਹਾ ਸਗਵਾਂ ਇਹ ਤਾਂ ਭਾਈਚਾਰਕ ਮੇਲ ਜੋਲ ਅਸਥਾਨ ਜਾਂ ਹਉ-ਪ੍ਰਕਾਸ਼ਨ ਅਸਥਾਨ ਬਣਾਇਆ?

ਇਹ ਅਤੇ ਇਸ ਤਰ੍ਹਾਂ ਦੇ ਹੋਰ ਵੀਚਾਰ 'ਅੰਮ੍ਰਿਤ-ਵੇਲਾ' ਪੁਸਤਕ ਮੰਗਵਾ ਕੇ ਪੜ੍ਹੋ।

ਭੇਟਾ – ਅੱਧਾ ਮੁਲ = 10/- ਡਾਕ ਖਰਚ ਸਮੇਤ

ਸ: ਦੀਦਾਰ ਸਿੰਘ C-129 ਵਿਕਾਸ ਕਾਲੋਨੀ, ਪਟਿਆਲਾ 147001 ਨੂੰ ਲਿਖਿਆ ਜਾ ਸਕਦਾ ਹੈ।

# [ਦੇਖੋ !]

- ਅਕਾਲ ਪੁਰਖ ਨੇ ਸਾਨੂੰ ਕਿੰਨਾ ਸੁਹਣਾ ਸਰੀਰ ਦਿਤਾ ਹੈ,
- ਹਥ ਪੈਰ ਤੇ ਹੋਰ ਸਾਰੇ ਅੰਗ ਨਰੋਏ ਬਖਸ਼ੇ ਹਨ,
- ਖਾਣ-ਪੀਣ ਨੂੰ ਚੰਗਾ-ਚੋਖਾ, ਪਹਿਰਣ ਨੂੰ ਸੁੰਦਰ ਪਹਿਰਾਵਾ, ਰਿਹਾਇਸ਼ ਲਈ ਸਭ ਸਹੂਲਤਾਂ ਦਿਤੀਆਂ ਹਨ ;
- ਚੰਗਾ ਗੁਰਸਿਖੀ ਜੀਵਨ ਦੇ ਨਾਲ ਨਾਲ ਇਸ ਦੀ ਯੋਗ ਅਗਵਾਈ ਲਈ ਮਿਲੇ ਸਾਡੀ ਆਪਣੀ ਬੋਲੀ ਵਿਚ ਅਕਾਲਪੁਰਖ ਦੇ ਬੋਲ (ਬਾਣੀ) ਸਾਡੇ ਕੋਲ ਹੈ; ਜਿਸ ਨੂੰ ਪੜ-ਸੁਣ, ਸਮਝ ਕੇ ਉਸ ਅਨੁਸਾਰ ਹੋਣ ਨਾਲ ਜਿਥੇ ਆਪਣਾ ਜੀਵਨ ਸਫਲ ਕਰ ਸਕਦੇ ਹਾਂ ਉਥੇ ਆਪਣੇ ਬਚਿਆਂ ਨੂੰ ਵੀ ਠੀਕ ਅਗਵਾਈ ਦੇ ਕੇ ਗੁਰਮਤਿ ਗਾਡੀ ਰਾਹ ਉਤੇ ਤੋਰਨ ਵਿਚ ਸਹਾਇਕ ਹੋ ਸਕਦੇ ਹਾਂ।
- ਸਚੀ-ਸੁਚੀ ਕਿਰਤ ਕਰਦਿਆਂ, ਸਮੇਂ ਦੇ ਨਾਲ ਨਾਲ ਆਪਣੀ ਕਮਾਈ ਦਾ ਦਸਵੰਧ ਗੁਰੂ ਲੇਖੇ ਲਾਉਣ ਸਮੇਂ ਗੁਰਬਾਣੀ ਦੀ ਪੰਗਤੀ "ਅਕਲੀ ਕੀਚੈ ਦਾਨ" ਨੂੰ ਧਿਆਨ ਵਿਚ ਰਖਦਿਆਂ, ਗੁਰਮਤਿ ਨੂੰ ਪ੍ਰਚਾਰਨ ਹਿਤ ਵਧ ਤੋਂ ਵਧ ਯਤਨ ਕਰਦਿਆਂ ਜਿਥੇ ਅਕਾਲ ਪੁਰਖ ਦਾ ਦਿਲੋਂ ਧੰਨਵਾਦ ਕਰਨਾ ਹੈ, ਉਥੇ ਸ਼ੁਕਰ ਗੁਜ਼ਾਰ ਹੋਣਾ ਹੈ ਕਿ ਜਿਸ ਨੇ ਇਤਨੀਆਂ ਬਖਸ਼ਸ਼ਾਂ ਕੀਤੀਆਂ ਹਨ ਅਤੇ ਕਰ ਰਿਹਾ ਹੈ। ਅਰਦਾਸ ਵਿਚ ਉਸ ਦੀ ਕਿਰਪਾ ਦੇ ਪਾਤਰ ਬਣੇ ਰਹਿਣ ਲਈ ਯਾਚਨਾ ਵੀ ਕਰਣੀ ਹੈ ਤਾਂ ਜੁ ਉਸ ਦੀ ਹੋਰ ਨੇੜਤਾ ਪ੍ਰਾਪਤ ਹੋਵੇ।

ਪ੍ਰਾਰਥਕ।

ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ 40/- ਸੈਂਕੜਾ ਮੰਗਵਾਉਣ ਲਈ ਸ: ਦੀਦਾਰ ਸਿੰਘ C-129 ਵਿਕਾਸ ਕਾਲੋਨੀ, ਪਟਿਆਲਾ ਨੂੰ ਲਿਖੋ।